# ਪੰਜਾਬ ਸਰਕਾਰ

## ਮਾਲ ਤੇ ਪੁਨਰਵਾਸ ਵਿਭਾਗ

## (ਭੌ ਮਾਲੀਆ-2 ਸ਼ਾਖਾ)

## ਪਬਲਿਕ ਨੋਟਿਸ

ਇਸ ਪਬਲਿਕ ਨੋਟਿਸ ਰਾਹੀ ਸਮੂਹ ਵਿਅਕਤੀਆਂ ਨੂੰ ਸੀ.ਡਬਲਿਊ.ਪੀ 12238 ਆਫ 2021 ਅਤੇ ਹੋਰ ਜੁੜੇ ਕੇਸਾਂ ਵਿਚ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਹੁਕਮ ਮਿਤੀ 10-9-21 ਮੁਤਾਬਕ ਹੇਠ ਲਿਖੇ ਅਨੁਸਾਰ ਸੂਚਿਤ ਕੀਤਾ ਜਾਂਦਾ ਹੈ:-

ਇੰਤਕਾਲ, ਫਰਦ ਬਦਰ ਅਤੇ ਨਿਸ਼ਾਨਦੇਹੀ ਸਬੰਧੀ ਮਾਮਲਿਆ ਦੇ ਨਿਪਟਾਰੇ ਹਿੱਤ ਕੋਈ ਵੀ ਸ਼ਿਕਾਇਤ ਹੋਵੇ ਤਾਂ ਸਬੰਧਤ ਵਿਅਕਤੀ ਪਹਿਲਾਂ ਸਬੰਧਤ ਮਾਲ ਅਫਸਰ ਨਾਲ ਸੰਪਰਕ ਕਰੇ ਅਤੇ 30 ਦਿਨਾਂ ਦਾ ਇੰਤਜਾਰ ਕਰੇ। ਜੇਕਰ 30 ਦਿਨਾਂ ਦੇ ਅੰਦਰ ਅੰਦਰ ਸ਼ਿਕਾਇਤ ਦਾ ਨਿਪਟਾਰਾ ਨਹੀ ਹੁੰਦਾ ਤਾਂ ਸਬੰਧਤ ਉਪ ਮੰਡਲ ਮੈਜਿਸਟਰੇਟ ਨਾਲ ਸੰਪਰਕ ਕਰੇ ਅਤੇ ਉਨ੍ਹਾਂ ਨੂੰ ਇਸ ਦਾ ਨਿਪਟਾਰਾ ਕਰਨ ਲਈ 30 ਦਿਨਾਂ ਤੱਕ ਦਾ ਸਮਾਂ ਦੇਣ। ਜੇਕਰ ਉਪ ਮੰਡਲ ਮੈਜਿਸਟਰੇਟ ਵੱਲੋ ਵੀ ਸ਼ਿਕਾਇਤ ਦਾ ਨਿਪਟਾਰਾ ਨਹੀ ਕੀਤਾ ਜਾਂਦਾ ਤਾਂ ਉਸ ਉਪਰੰਤ ਡਿਪਟੀ ਕਮਿਸ਼ਨਰ ਨਾਲ ਸੰਪਰਕ ਕੀਤਾ ਜਾਵੇ ਅਤੇ 30 ਦਿਨਾਂ ਦੀ ਉਡੀਕ ਕੀਤੀ ਜਾਵੇ। ਇਸ ਤਰਾਂ ਹਰ ਅਥਾਰਟੀ ਨੂੰ 30 ਦਿਨਾਂ ਦਾ ਸਮਾਂ ਅਤੇ ਕੁਲ 90 ਦਿਨਾਂ ਦੇ ਸਮੇਂ ਵਿਚ ਮਾਮਲੇ ਦਾ ਨਿਪਟਾਰਾ ਕਰਨ ਦਾ ਸਮਾਂ ਦਿੱਤਾ ਜਾਵੇ।

ਫਿਰ ਵੀ ਜੇਕਰ ਸ਼ਿਕਾਇਤ ਦਾ ਨਿਪਟਾਰਾ ਨਹੀ ਹੁੰਦਾ ਤਾਂ ਸਬੰਧਤ ਸ਼ਿਕਾਇਤਕਰਤਾ ਮਾਨਯੋਗ ਹਾਈਕੋਰਟ ਵਿਚ ਅਪਰੋਚ ਕਰ ਸਕਦਾ ਹੈ। ਇਹ ਪ੍ਰਕਿਰਿਆ ਨਿਆਂਇਕ ਮਾਮਲਿਆਂ ਵਿਚ ਵੀ ਅਪਣਾਈ ਜਾਵੇਗੀ ਜਿੱਥੇ ਵੀ ਦੇਰੀ ਹੁੰਦੀ ਹੈ।ਪੰਜਾਬ ਰਾਜ ਵਿੱਚ ਸਾਰੇ ਨਾਗਰਿਕ ਉਪਰੋਕਤ ਵਿੱਧੀ ਅਪਨਾਉਣ ਉਪਰੰਤ ਹੀ ਮਾਨਯੋਗ ਹਾਈਕੋਰਟ ਨੂੰ ਪਹੁੰਚ ਕਰਨ।

ਅਨੁਰਾਗ ਅਗੱਰਵਾਲ
ਵਿੱਤੀ ਕਮਿਸ਼ਨਰ ਮਾਲ